
# ਯੀਸ਼ੂ, ਚੰਗਾ ਕਹਾਣੀ ਸੁਣਾਉਣ ਵਾਲਾ

ਬੱਚਿਆਂ ਨੂੰ ਯੀਸ਼ੂ ਦੀਆਂ ਕਹਾਣੀਆ ਸਿੱਖਣ ਲਈ ਮੱਦਦ ਕਰੋ ਕਿ ਉਹ ਦੂਜਿਆਂ ਨੂੰ ਦੱਸਣ।

**ਪ੍ਰਾਥਨਾ**: ''ਪਰਮੇਸ਼ਵਰ ਬੱਚਿਆਂ ਨੂੰ ਦੂਜਿਆਂ ਨੂੰ ਮਾਫ ਕਰਨ ਵਿੱਚ ਮੱਦਦ ਕਰੋ, ''ਯੀਸ਼ੂ ਦੀ ਕਹਾਣੀ ਤੋਂ'', ਸੇਵਕ ਨੂੰ ਮਾਫ ਨਾ ਕਰਨ ਦੇ ਬਾਰੇ ਵਿੱਚ।''

ਇਨਾਂ ਬੱਚਿਆਂ ਦੀਆਂ ਸਿੱਖਣ ਵਾਲੀਆਂ ਗਤੀਵਿਧੀਆਂ ਵਿੱਚੋ ਕੋਈ ਵੀ ਚੁੱਣੋ।

ਬੱਚੇ ਇਸ ਤਸਵੀਰ ਦੀ ਨਕਲ ਕਰਨ।



ਇੱਕ ਵੱਡਾ ਬੱਚਾ ਜਾ ਅਧਿਆਪਕ ਪੜ੍ਹੇ ਜਾਂ ਮਾਫ ਨਾ ਕਰਨ ਵਾਲੇ ਸੇਵਕ (ਨੌਕਰ) ਦੀ ਕਹਾਣੀ ਵਿੱਚੋ ਯਾਦ ਕਰਕੇ (ਮੱਤੀ 18:21-34) ਇਹ ਦੱਸਦੀ ਹੈ, ਕਿ ਯੀਸ਼ੂ ਨੇ ਇਹ ਕਹਾਣੀ ਸਾਨੂੰ ਸਮਝਾਉਣ ਵਾਸਤੇ ਇਸਤੇਮਾਲ ਕੀਤੀ, ਕਿਵੇਂ ਸਾਨੂੰ ਹਮੇਸ਼ਾ ਮਾਫ ਕਰਨਾ ਹੈ, ਉਨ੍ਹਾਂ ਜਿੰਨ੍ਹਾਂ ਨੇ ਸਾਡਾ ਕੁਝ ਗੱਲਤ ਕੀਤਾ ਹੈ।

ਇਹ ਕਹਾਣੀ ਦੱਸਣ ਤੌਂ ਬਾਦ, ਇੰਨਾ ਪ੍ਰਸ਼ਨਾ ਨੂੰ ਪੁੱਛੋ। *(ਉੱਤਰ ਹਰੇਕ ਪ੍ਰਸ਼ਨ ਦੇ ਬਾਦ ਹੈ)*

- ਕੀ ਕਦੀ ਅਸੀ ਲੋਕਾ ਨੂੰ ਮਾਫ ਕਰਨਾ ਬੰਦ ਕਰਦੇ ਹਾਂ? *(ਦੇਖੋ ਆਇਤ 21 ਸਾਨੂੰ ਹਮੇਸ਼ਾ ਜਰੂਰ ਮਾਫ ਕਰਨਾ ਹੈ)*
- ਮਾਲਿਕ ਨੇ ਆਪਣੇ ਸੇਵਕ ਨਾਲ ਕੀ ਕੀਤਾ, ਜਿੰਨ੍ਹਾਂ ਉਹਦਾ ਕਰਜ ਨਹੀਂ ਚੁਕਾਇਆ ਨਹੀ ਸੀ? *(ਆਇਤ 27 ਵੇਖੋ)*
- ਉਸੇ ਸੇਵਕ ਨੇ ਦੂਜੇ ਸੇਵਕ ਨਾਲ ਕੀ ਕੀਤਾ, ਜਿਹਨੇ ਉਹਦਾ ਪੈਸਾ ਦੇਣਾ ਸੀ? *(ਆਇਤ 30 ਵੇਖੋ)*
- ਕਿਵੇਂ ਮਾਲਿਕ ਨੇ ਇਹਦੀ ਪ੍ਰਤੀ ਕਿਰਿਆ ਕੀਤੀ? *(ਆਇਤ 34)*
- ਸਾਡਾ ਸੁਰਗੀ ਪਿਤਾ ਸਾਡੇ ਤੌਂ ਕੀ ਚਾਹੁੰਦਾ ਹੈ ਕਿ ਅਸੀ ਉਨ੍ਹਾਂ ਨਾਲ ਕਿਸ ਤਰਾ ਸਲੂਕ ਕਰੀਏ, ਉਹ ਜਿੰਨਾ ਨੇ ਸਾਡੇ ਨਾਲ ਗਲਤ ਕੀਤਾ ਹੈ? *(ਆਇਤ 35 ਦੇਖੋ)*

ਮਾਫ ਨਾ ਕਰਨ ਵਾਲੇ ਸੇਵਕ ਦੀ ਕਹਾਣੀ ਦੇ ਹਿੱਸਿਆ, ਦਾ ਨਾਟਕ ਤਿਆਰ ਕਰੋ। ਕਲੀਸੀਆਂ, ਅਰਾਧਨਾ ਦੇ ਆਂਗੂਵੇ ਨਾਲ ਮਿਲ ਕੇ, ਬੱਚੇ ਇਹ ਨਾਟਕ ਪੇਸ਼ ਕਰ ਸੱਕਣ, ਇਸ ਦਾ ਪ੍ਰਬੰਧ ਕਰੋ। ਆਪਣੇ ਸ਼ਮੇ ਨੂੰ ਬੱਚਿਆਂ ਨੂੰ ਨਾਟਕ ਤਿਆਰ ਕਰਾਉਣ ਵਿੱਚ ਲਗਾਉ। ਤੁਹਾਨੂੰ ਸਾਰੇ ਹਿੱਸੇ ਕਰਨ ਦੀ ਜਰੂਰਤ ਨਹੀ ਹੈ, ਵੱਡੇ ਬੱਚੇ, ਛੋਟਿਆਂ ਦੀ ਤਿਆਰੀ ਵਿੱਚ, ਮੱਦਦ ਕਰਨ, ਵੱਡੇ ਬੱਚੇ ਜਾਂ ਬਾਲਿਗਾਂ ਇੰਨ੍ਹਾਂ ਹਿਸਿਆਂ ਨੂੰ ਕਰਨ, ਵਾਚਕ, ਮਾਲਿਕ (ਕਾਗਜ ਲਏ ਹੋਏ) ਅਤੇ ਮਾਫ ਨਾ ਕਰਨ, ਸੇ ਵਕ ਛੋਟੇ ਬੱਚੇ ਇਹ ਹਿੱਸੇ ਕਰਣ, ਪਤਰਸ, ਮਿੱਤਰ, ਦਰੋਗਾ ਅਤੇ ਦੂਜਾ ਸੇਵਕ।

- ਵਾਚਕ :- ਆਇਤਾਂ 21-27 ਤੌਂ ਕਹਾਣੀ ਦਾ ਪਹਿਲਾ ਹਿੱਸਾ ਦੱਸੋ। ਫਿਰ ਆਖੋ, ''ਸੁਣੋ ਪਤਰਸ, ਯੀਸ਼ੂ ਨੂੰ ਕੀ ਕਹਿੰਦਾ ਹੈ?''
- ਪਤਰਸ :- ਉੱਤੇ ਵੇਖ ਕੇ ਆਖੇ, ''ਪਰਮੇਸ਼ਵਰ, ਕਿੰਨੇ ਵਾਰੀ, ਮੈਨੂੰ ਆਪਣੇ ਭਰਾ ਨੂੰ ਮਾਫ ਕਰਨਾ ਹੈ?''

**ਵਾਚਕ** :- ''ਯੀਸ਼ੂ ਨੇ ਮਾਲਿਕ ਅਤੇ ਉਹਦੇ ਸੇਵਕ ਦੀ ਕਹਾਣੀ ਬਾਰੇ ਦੱਸ ਕੇ ਉੱਤਰ ਦਿੱਤਾ, ਸੇਵਕ ਉੱਤੇ ਬਹੁਤ ਸਾਰਾ ਕਰਜਾ ਸੀ, ਮਾਲਿਕ ਕੋਲੋਂ ਸੁਣੋ।''

**ਮਾਲਿਕ** :- ਇਹ ਕਾਗਜ ਕਰਜੇ ਦਾ ਇਕਰਾਰ ਨਾਮਾ ਹੈ, ਇਹ ਦੱਸਦਾ ਹੈ ਕਿ ਤੂੰ ਮੇਰਾ ਬਹੁਤ ਸਾਰਾ ਕਰਜਾ ਦੇਣਾ ਹੈ ਮੈਨੂੰ, ਜਿਹੜਾ ਕੁਝ ਤੂੰ ਮੇਰਾ ਲਿਆ ਸੀ, ਜਾਂ, ਮੈ ਤੈਨੂੰ ਅਤੇ ਤੇਰੇ ਪਰਿਵਾਰ ਨੂੰ ਦਾਸਾ ਵਾਂਗ ਵੇਚ ਦਿਆਗਾ।''

**ਮਾਫ ਨਾ ਕਰਨ ਵਾਲਾ ਸੇਵਕ**:- ਗੋਡਿਆ ਤੇ ਬਹਿ ਕੇ ਭੀਖ ਮੰਗੇ, ''ਮੇਰੇ ਉੱਤੇ ਕਿਰਪਾ ਕਰੋ ! ਮੈ ਦੇ ਦੇਵਾਂਗਾ ਬੇਨਤੀ ਕਰਕੇ ਮੇਰੇ ਉੱਤੇ ਦਇਆਂ ਕਰੋ।''

**ਮਾਲਿਕ**:- ਕਾਗਜ ਉੱਤੇ ਕਰਕੇ ਫਾੜ ਦੇਵੇ ਅਤੇ ਆਖੇ, ''ਮੈ ਤੇਰੇ ਤੇ ਕਿਰਪਾ ਕਰਦਾ ਹਾਂ। ਮੈ ਤੇਰਾ ਸਾਰਾ ਕਰਜਾ ਮਾਫ ਕਰ ਦਿੱਤਾ ਹੈ।''

**ਵਾਚਕ**:- ਆਇਤਾਂ 28-35 ਪੜੋ ਕਹਾਣੀ ਦੇ ਦੂਜਿਆਂ ਹਿੱਸਿਆਂ ਨੂੰ ਦੱਸੋ। ਫਿਰ ਆਖੋ, ''ਦੇਖੋ ਮਾਫ ਨਾ ਕਰਨ ਵਾਲਾ ਸੇਵਕ ਕੀ ਕਰਦਾ ਹੈ?''

**ਮਾਫ ਨਾ ਕਰਨ ਵਾਲਾ ਸੇਵਕ**:- ਰਾਜੇ ਕੋਲੋਂ ਦੂਰ ਤਰ ਪਵੇ, ਦੂਜੇ ਕੋਲ, ਅਤੇ ਉਹਨੂੰ ਫੜ ਕੇ ਆਖੇ, ''ਵਾਪਸ ਕਰ! ! ਜਿਹੜਾ ਕੁਝ ਤੂੰ ਕਰਜਾ ਮੇਰੇ ਤੌਂ ਲਿਆ ਸੀ। ਹੁਣੇ।

**ਦੂਜਾ ਸੇਵਕ**:- ਗੋਡਿਆਂ ਪਰਨੇ ਹੋ ਕੇ,'' ਬੇਨਤੀ ਕਰੇ, ''ਮੇਰੇ ਤੇ ਕਿਰਪਾ ਕਰਕੇ ਤਰਸ ਕਰੋ! ਮੈ ਜਲਦੀ ਹੀ ਸਭ ਵਾਪਸ ਕਰ ਦਿਆਂਗਾ।''

**ਮਾਫ ਨਾ ਕਰਨ ਵਾਲਾ ਸੇਵਕ**: ''ਨਹੀ''! ਦਰੋਗਾ, ਆ ਕੇ ਇਹਨੂੰ ਲੈ ਜਾ।''

**ਦਰੋਗਾ**: ਦੂਜੇ ਸੇਵਕ ਨੂੰ ਘਸੀਟ ਕੇ ਦੂਰ ਲੈ ਜਾਵੇ, ਤੇ ਆਖੇ, ''ਤੂੰ ਜੇਲ ਵਿੱਚ ਉੱਦੋ ਤੱਕ ਰਹੇਂਗਾ ਜਦੋ ਤੀਕਰ ਤੂੰ ਆਪਣਾ ਸਾਰਾ ਕਰਜਾ ਚੁਕਾ ਨਹੀ ਦਿੰਦਾ।''

**ਮਿੱਤਰ**:- ਰਾਜੇ ਕੋਲ ਜਾ ਕੇ, ਆਖਣ, ''ਮਾਲਿਕ ਜਿਹੜੇ ਸੇਵਕ ਨੂੰ ਤੁਸੀਂ ਮਾਫ ਕੀਤਾ ਸੀ, ਉਹ ਦੂਜਿਆਂ ਨੂੰ ਮਾਫ ਨਹੀ ਕਰਦਾ। ਉਸ ਨੇ ਦੂਜੇ ਆਦਮੀ ਨੂੰ ਜੇਲ ਵਿੱਚ ਪਾ ਦਿੱਤਾ ਹੈ, ਜਿੰਨ੍ਹੇ ਉਹਦਾ ਥੋੜਾ ਕਰਜਾ ਦੇਣਾ ਸੀ।''

**ਰਾਜਾ**: ਮਾਫ ਨਾ ਕਰਨ ਵਾਲੇ ਸੇਵਕ ਨੂੰ ਬੁਲਾਏ, ''ਤੂੰ ਇੱਥੇ ਉਪਕਾਰ ਨਾ ਕਰਨ ਵਾਲਾ ਸੇਵਕ ਆਉਂਦਾ ਹੈ।

**ਉਪਕਾਰ ਨਾ ਮੰਨਣ ਵਾਲਾ ਸੇਵਕ**: ਭੱਜ ਕੇ ਮਾਲਿਕ ਕੋਲ ਆਵੇ, ਹੇਠਾਂ ਝੁਕੇ ਅਤੇ ਆਖੇ, ''ਮੈ ਤੁਹਾਡੀ ਸੇਵਾ ਵਿੱਚ ਹਾਜ਼ਿਰ ਹਾਂ, ਮਹਾਨ ਅਤੇ ਦਿਆਲੂ ਮਾਲਿਕ!''


**ਮਾਲਿਕ**:- (ਗੁੱਸੇ ਨਾਲ) ''ਤੂੰ ਕਿਉ ਮਾਫ ਨਹੀ ਕਰਦਾ, ਜਿਵੇ ਮੈਂ ਤੈਨੂੰ ਮਾਫ ਕੀਤਾ? ਦਰੋਗਾ, ਉਹਨੂੰ ਫੜ ਕੇ ਦੂਰ ਲੈ ਜਾਓ।''

ਦਰੋਗਾਂ। ਉਪਕਾਰ ਨਾ ਮੰਨਣ ਵਾਲੇ ਸੇਵਕ ਨੂੰ ਘਸੀਟ ਕੇ ਦੂਰ ਲੈ ਜਾ ਕੇ ਆਖਣ, ''ਤੂੰ ਜੇਲ ਵਿੱਚ ਉਦੋ ਤੱਕ ਰਹੇਗਾ, ਜਦੋਂ ਤੀਕਰ ਤੂੰ ਆਪਣਾ ਸਾਰਾ ਕਰਜਾ ਨਹੀ ਚੁੱਕਾ ਦਿੰਦਾ।''

ਵਾਚਕ ਜਾ ਵੱਡਾ ਬੱਚਾ, ਉਨ੍ਹਾਂ ਦਾ ਧੰਨਵਾਦ ਕਰੇ, ਜਿੰਨ੍ਹਾਂ ਨੇ ਮੱਦਦ ਕੀਤੀ ਸੀ।

ਜੇ ਬੱਚੇ ਇਸ ਕਹਾਣੀ ਦਾ ਨਾਟਕ ਬਾਲਿਗਾਂ ਲਈ ਤਿਆਰ ਕਰਨ ਤਾ ਉਨ੍ਹਾਂ ਨੂੰ ਬਾਲਿਗਾਂ ਕੋਲੋ ਉਹੀ ਪ੍ਰਸ਼ਨ ਪੁੱਛਣ ਦਿਉ, ਜਿੰਨ੍ਹਾਂ ਦੀ ਸੂਚੀ ਉੱਤੇ ਦਿੱਤੀ ਗਈ ਹੈ।

ਬੱਚਿਆਂ ਨੂੰ ਆਖੋ, ਹੋਰ ਕਿਹੜੀਆਂ ਦੂਜੀਆਂ ਕਹਾਣੀਆਂ ਦੀਆਂ ਉਦਾਹਰਣਾਂ ਹਨ, ਜਿਹੜੀਆਂ ਯੀਸ਼ੂ ਨੇ ਲੋਕਾਂ ਨੂੰ ਪਰਮੇਸ਼ਵਰ ਦੇ ਰਾਜ ਬਾਰੇ ਸਿਖਾਉਣ ਲਈ ਦੱਸੀਆਂ।'' (ਬੱਚੇ ਉਦਾਹਰਣਾ ਦੇਣ)



ਇੱਕ ਰਾਜੇ ਦੇ ਰਾਜਸੀ ਤਾਜ ਦੀ ਤਸਵੀਰ ਬਣਾਉ। ਬੱਚੇ ਇਹਦੀ ਨਕਲ ਕਰਨ, ਤੇ ਇਹ ਆਪਣੀਆਂ ਤਸਵੀਰਾਂ ਨੂੰ ਬਾਲਿਗਾਂ ਦੀ ਅਗਲੀ ਸਭਾ ਵਿੱਚ ਦਿਖਾਉਣ, ਜਾਂ ਆਪਣੇ ਮਾਪਿਆਂ ਨੂੰ ਘਰਾ ਵਿੱਚ।

- ਬੱਚੇ ਇਹ ਸਮਝਾਉਣ, ਰਾਜੇ ਦਾ ਰਾਜ ਸੀ, ਤਾਜ ਯੀਸ਼ੂ ਦੀ ਕਹਾਣੀ ਨੂੰ ਸਪਸ਼ਟ ਕਰਦਾ ਹੈ :-
- ਪਰਮੇਸ਼ਵਰ ਸਾਡਾ ਆਤਮਕ ਰਾਜਾ ਹੈ, ਅਸੀ ਹਰੇਕ ਚੀਜ਼ ਦੇ ਉਹਦੇ ਦੇਣਦਾਰ ਹਾਂ।
- ਕਈ ਵਾਰ ਅਸੀ ਉਹਦੀ ਇਸ ਤਰ੍ਹਾਂ ਸੇਵਾ ਨਹੀ ਕਰਦੇ, ਜਿਵੇਂ ਸਾਨੂੰ ਕਰਨੀ ਚਾਹੀਦੀ ਹੈ, ਪਰ ਉਹ ਸਾਨੂੰ ਮਾਫ ਕਰਦਾ ਹੈ।
- ਸਾਨੂੰ ਵੀ ਦੂਜਿਆਂ ਨੂੰ ਮਾਫ ਕਰਨਾ ਹੈ, ਜਿਵੇਂ ਯੀਸ਼ੂ ਸਾਡੇ ਮਾਲਿਕ ਨੇ ਸਾਨੂੰ ਮਾਫ ਕੀਤਾ।

ਯਾਦ ਕਰੋ ਕੁਲਿਸੀਆਂ 3:16

**ਕਵਿਤਾ**: ਤਿੰਨ ਬੱਚੇ, ਹਰੇਕ ਬੱਚਾ ਇੱਕ-ਇੱਕ ਆਇਤ ਦੁਹਰਾਏ, ਜਬੂਰਾਂ 45 ਆਇਤ 1, 2 ਅਤੇ 4।

ਵੱਡੇ ਬੱਚੇ ਕਵਿਤਾ, ਗੀਤਾਂ, ਨਾਟਕਾਂ, ਵਿਸ਼ਵਾਸ ਯੋਗ ਸੇਵਕਾਂ ਦੀ ਕਹਾਣੀ ਲਿੱਖਣ, ਉਹ ਇਹਨੂੰ ਹਫਤੇ ਦੇ ਵਿੱਚ ਵੀ ਕਰ ਸਕਦੇ ਹਨ।

**ਪ੍ਰਾਰਥਨਾ**:- ਪਿਆਰੇ ਪਰਮੇਸ਼ਵਰ ਅਤੇ ਰਾਜਾ, ਜੋ ਕੁਝ ਵੀ ਸਾਡੇ ਕੋਲ ਹੈ, ਉਹ ਸਭ ਅਸੀਸਾਂ ਤੁਹਾਡੇ ਵੱਲੋ ਹਨ। ਤੁਸੀ ਸਾਨੂੰ ਸਾਰੇ ਪਾਪਾਂ ਤੋਂ ਮਾਫ ਕੀਤਾ ਅਤੇ ਸ਼ੈਤਾਨ ਤੋਂ ਸਾਨੂੰ ਅਜਾਦ ਕੀਤਾ। ਕਈ ਵਾਰ ਅਸੀ ਇਹਨੂੰ ਭੁੱਲ ਜਾਂਦੇ ਹਾਂ ਅਤੇ ਦੂਜਿਆਂ ਲੋਕਾਂ ਨੂੰ ਮਾਫ ਕਰਨ ਵਿੱਚ ਅਸਫਲ ਹੋ ਜਾਦੇ ਹਾਂ। ਸਾਡੀ ਮੱਦਦ ਕਰੋ ਕਿ ਅਸੀ ਵੀ ਤੁਹਾਡੀ ਤਰ੍ਹਾਂ ਮਾਫ ਕਰ ਸਕੀਏ।''

Copyright 2004 © by Paul-Timothy. May be freely copied. Download from www.Paul-Timothy.net